THE PUNJAB STATE BOARD OF TECHNICAL EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

No. PSBTE&IT/DA/2023/ 3785 Dated: 21/12/23

# ਸਰਕੂਲਰ

**ਵਿਸ਼ਾ: ਪੰਜਾਬ ਰਾਜ ਵਿੱਚ ਸਮੂਹ ਸਰਕਾਰੀ, ਅਰਧ ਸਰਕਾਰੀ ਦਫਤਰਾਂ ਵਿਭਾਗਾਂ/ ਅਦਾਰਿਆਂ / ਸੰਸਥਾਵਾਂ / ਵਿਦਿਆਕ ਅਦਾਰਿਆਂ / ਬੋਰਡਾਂ ਵਿਭਾਗਾਂ / ਨਿਗਮਾਂ ਅਤੇ ਗੈਰ ਸਰਕਾਰੀ ਸੰਸਥਾਵਾਂ ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਿਕ ਅਦਾਰਿਆਂ ਦੇ ਨਾਮ ਅਤੇ ਸੜਕਾਂ ਦੇ ਨਾਮ ਪੱਟੀਆਂ ਮੀਲ ਪੱਥਰ/ ਸਾਈਨ ਬੋਰਡ ਆਦਿ ਪੰਜਾਬੀ ਭਾਸ਼ਾ ਵਿੱਚ ਲਿੱਖੇ ਜਾਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਪੰਜਾਬ ਸਰਕਾਰ ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਵੱਲੋਂ ਜਾਰੀ ਪੱਤਰ ਨੰ. 1/633354/2023 ਅਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ (ਤਕਨੀਕੀ ਸਿਖਿਆ ਵਿੰਗ) ਪੰਜਾਬ, ਚੰਡੀਗੜ੍ਹ ਵੱਲੋਂ ਜਾਰੀ ਪੱਤਰ ਨੰ. 303 ਮਿਤੀ: 22-11-2023 (ਕਾਪੀ ਨੱਥੀ) ਦੀ ਪਾਲਣਾ ਹਿੱਤ ਬੋਰਡ ਦਫਤਰ ਨਾਲ ਐਫੀਲੀਏਟੀਡ ਸਾਰੀਆਂ ਸੰਸਥਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੰਸਥਾਵਾਂ ਦੇ ਨਾਮ/ ਸਾਈਨਬੋਰਡ ਆਦਿ ਪੰਜਾਬੀ ਭਾਸ਼ਾ ਵਿੱਚ ਲਿਖੇ ਜਾਣ ਨੂੰ ਯਕੀਨੀ ਬਣਾਇਆ ਜਾਵੇ ਅਤੇ ਇਸ ਦੇ ਨਾਲ ਹੀ ਇਸਦੀ ਪਾਲਣਾ ਰਿਪੋਰਟ ਪੰਜਾਬੀ ਭਾਸ਼ਾ ਵਿੱਚ (ਸਮੇਤ ਫੋਟੋ) ਤਿਆਰ ਕਰਕੇ 15 ਦਿਨਾਂ ਦੇ ਅੰਦਰ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ (ਤਕਨੀਕੀ ਸਿਖਿਆ ਵਿੰਗ) ਪੰਜਾਬ, ਚੰਡੀਗੜ੍ਹ ਨੂੰ ਈ-ਮੇਲ (dteconduct@gmail.com, conduct.dte@punjab.gov.in) ਅਤੇ ਇਸ ਦੀ ਕਾਪੀ ਬੋਰਡ ਦਫਤਰ ਦੇ ਈ-ਮੇਲ (psbte.eoa@gmail.com) ਉੱਤੇ ਭੇਜਣ ਲਈ ਸੂਚਿਤ ਕੀਤਾ ਜਾਂਦਾ ਹੈ।

ਇਹ ਸਰਕੂਲਰ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ ਅਤੇ ਇਹਨਾਂ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

Director Academics
For Secretary, PSBTE&IT
Sector 36, Chandigarh

ਵਲੋਂ

ਡਾਇਰੈਕਟਰ
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ
(ਤਕਨੀਕੀ ਸਿਖਿਆ ਵਿੰਗ) ਪੰਜਾਬ,ਚੰਡੀਗੜ੍ਹ।

ਸੇਵਾ ਵਿੱਚ,

ਡਾਇਰੈਕਟਰ ਅਕਾਦਮਿਕ,
ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ,
ਸਿਖਲਾਈ ਬੋਰਡ,ਚੰਡੀਗੜ੍ਹ।

ਮੀਮੋ ਨੰ: 303 ਮਿਤੀ:- 22/11/2023

ਵਿਸ਼ਾ:- ਪੰਜਾਬ ਰਾਜ ਵਿਚ ਸਮੂਹ ਸਰਕਾਰੀ,ਅਰਧ ਸਰਕਾਰੀ ਦਫਤਰਾਂ ਵਿਭਾਗਾਂ/ ਅਦਾਰਿਆਂ/ਸੰਸਥਾਵਾਂ/ ਵਿਦਿਆਕ ਅਦਾਰਿਆਂ/ਬੋਰਡਾਂ ਵਿਭਾਗਾਂ/ਨਿਗਮਾਂ ਅਤੇ ਗੈਰ ਸਰਕਾਰੀ ਸੰਸਥਾਵਾਂ ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਿਕ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਂਮ ਮੀਲ/ਨਾਮ ਪੱਟੀਆਂ/ ਸਾਈਨ ਬੋਰਡ ਪੰਜਾਬੀ ਭਾਸ਼ਾ ਵਿਚ ਲਿਖੇ/ ਪੱਥਰ ਜਾਣ ਸਬੰਧੀ।

ਇਸ ਰਾਹੀਂ ਆਪ ਨੂੰ ਪੰਜਾਬ ਸਰਕਾਰ ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਦਾ ਪੱਤਰ ਨੰ: 1/633354/2023( ਕਾਪੀ ਨੱਥੀ) ਭੇਜਿਆ ਜਾਂਦਾ ਹੈ। ਸਬੰਧਤ ਵਿਭਾਗ ਵੱਲੋਂ ਸਾਈਨਬੋਰਡ ਆਦਿ ਪੰਜਾਬੀ ਭਾਸ਼ਾ ਵਿਚ ਲਿਖੇ ਜਾਣ ਨੂੰ ਯਕੀਨੀ ਬਣਾਉਣ ਸਬੰਧੀ ਪਾਲਣਾ ਰਿਪੋਰਟ ਕੰਪਾਈਲ ਕਰਕੇ ਭੇਜਣ ਲਈ ਲਿਖਿਆ ਹੈ। ਇਸ ਲਈ ਆਪ ਜੀ ਨੂੰ ਇਹ ਬੇਨਤੀ ਹੈ ਕਿ ਦਫਤਰ ਅਤੇ ਬੋਰਡ ਅਧੀਨ ਚੱਲ ਰਹੀਆਂ ਪ੍ਰਾਈਵੇਟ ਸੰਸਥਾਵਾਂ ਦੀ ਪਾਲਣਾ ਰਿਪੋਰਟ ਪੰਜਾਬੀ ਭਾਸ਼ਾ ਵਿਚ ਕੰਪਾਇਲ ਕਰਕੇ ਇਸ ਦਫਤਰ ਨੂੰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਇਹ ਸੂਚਨਾ ਸਬੰਧਤ ਪ੍ਰਬੰਧਕੀ ਵਿਭਾਗ ਨੂੰ ਭੇਜੀ ਜਾ ਸਕੇ।

22/11/23

ਐਡਮਿਨ ਅਫਸਰ(ਕੰਡਕਟ)
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦ:
ਸਿਖਲਾਈ ਵਿਭਾਗ ਪੰਜਾਬ,ਚੰਡੀਗੜ੍ਹ।

ਪਿੱਠ ਅੰਕਣ: ਨੰ: ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1 ਡਿਪਟੀ ਡਾਇਰੈਕਟਰ (ਈ ਸੀ ਸੀ) ਨੂੰ (ਕਾਪੀ ਨੱਥੀ) ਭੇਜੀ ਜਾਂਦੀ ਹੈ। ਇਸ ਪੱਤਰ ਅਨੁਸਾਰ ਤਕਨੀਕੀ ਯੂਨੀਵਰਸਿਟੀਆਂ/ਇੰਜੀ; ਕਾਲਜਾਂ ਦੀ ਸੂਚਨਾ ਕੰਪਾਇਲ ਕਰਕੇ ਭੇਜੀ ਜਾਵੇ।

2 ਪ੍ਰਿੰਸੀਪਲ ਏਡਿਡ ਬਹੁਤਕਨੀਕੀ ਨੂੰ(ਕਾਪੀ ਨੱਥੀ) ਭੇਜਦਿਆਂ ਬੇਨਤੀ ਹੈ ਕਿ ਪੱਤਰ ਅਨੁਸਾਰ ਆਪਣੀ ਰਿਪੋਰਟ ਤੁਰੰਤ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਐਡਮਿਨ ਅਫਸਰ(ਕੰਡਕਟ)
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦ:
ਸਿਖਲਾਈ ਵਿਭਾਗ ਪੰਜਾਬ,ਚੰਡੀਗੜ੍ਹ।

Fresh Receipt
No 8680 Date 22/11/23

File No.HED-EDUC06/3/2020-2EDUCELL

I/633354/2023

ਜਾਵ ਪੱਤਰ

ਪੰਜਾਬ ਸਰਕਾਰ
ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ
(ਸਿੱਖਿਆ ਸੈੱਲ)

ਵਿਸ਼ਾ:- ਪੰਜਾਬ ਰਾਜ ਵਿੱਚ ਸਮੂਹ ਸਰਕਾਰੀ, ਅਰਧ ਸਰਕਾਰੀ ਦਫ਼ਤਰਾਂ ਵਿਭਾਗਾਂ/ ਅਦਾਰਿਆਂ/ ਸੰਸਥਾਵਾਂ/ ਵਿਦਿਅਕ ਅਦਾਰਿਆਂ/ ਬੋਰਡਾਂ/ ਨਿਗਮਾਂ ਅਤੇ ਗੈਰ/ ਸਰਕਾਰੀ ਸੰਸਥਾਵਾਂ ਪਬਲਿਕ ਅਤੇ/ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਿਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ ਮੀਲ /ਨਾਮ ਪੱਟੀਆਂ/ ਸਾਈਨ ਬੋਰਡ ਪੰਜਾਬੀ ਭਾਸ਼ਾ ਵਿੱਚ ਲਿਖੇ/ਪੱਧਰ ਜਾਣ ਸਬੰਧੀ।

* * * * *

ਸਮੂਹ ਵਿਸ਼ੇਸ਼ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਕਿਰਪਾ ਕਰਕੇ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਪੱਤਰ ਨੰ: 6/41/19-2ਸਿ.ਸੈਲ/857 ਮਿਤੀ 5.12.2022, ਪੱਤਰ ਮਿਤੀ 31.01.2023 ਅਤੇ ਪੱਤਰ ਮਿਤੀ 16.02.2023 ਰਾਹੀਂ ਜਾਰੀ ਕੀਤੇ ਗਏ ਹੁਕਮਾਂ ਵੱਲ ਧਿਆਨ ਦੇਣ ਦੀ ਖੇਚਲ ਕਰਨੀ ਜੀ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਮਾਰਜਨ ਵਿੱਚ ਦਰਸਾਏ
ਵਿਭਾਗਾਂ ਤੋਂ ਹੀ ਪਾਲਣਾ ਰਿਪੋਰਟ ਪ੍ਰਾਪਤ ਹੋਈ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪ੍ਰਬੰਧਕੀ
ਕੰਟਰੋਲ ਅਧੀਨ ਆਉਂਦੇ ਸਮੂਹ ਅਦਾਰਿਆ ਆਦਿ ਦੇ ਸਾਈਨਬੋਰਡ ਪੰਜਾਬੀ ਭਾਸ਼ਾ ਵਿਚ ਲਿਖੇ ਜਾਣਾ ਯਕੀਨੀ
ਬਣਾਉਣ ਸਬੰਧੀ ਪਾਲਣਾ ਰਿਪੋਰਟ ਵਿਭਾਗ ਦੀ ਈਮੇਲ ਆਈ.ਡੀ education.cell9@punjab.gov.in ਤੇ
ਤੁਰੰਤ ਭੇਜਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਸੰਕਲਿਤ ਰਿਪੋਰਟ ਦਫ਼ਤਰ ਮੁੱਖ ਮੰਤਰੀ ਪੰਜਾਬ ਜੀ ਨੂੰ ਭੇਜੀ ਜਾ
ਸਕੇ। ਪਾਲਣਾ ਰਿਪੋਰਟ ਤੁਰੰਤ ਪ੍ਰਬੰਧਕੀ ਵਿਭਾਗ ਦੇ ਪੱਧਰ ਤੇ ਭੇਜਣ ਦੀ ਖੇਚਲ ਕੀਤੀ ਜਾਵੇ ਜੀ। ਵਿਭਾਗ
ਅਧੀਨ ਆਉਂਦੇ ਅਦਾਰਿਆ ਤੋਂ ਸਿੱਧੇ ਤੌਰ ਤੇ ਪ੍ਰਾਪਤ ਹੋਈ ਸੂਚਨਾ ਮੰਨਣਯੋਗ ਨਹੀਂ ਹੋਵੇਗੀ।

ਸੁਪਰਡੰਟ

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ। (ਮਾਰਜਨ ਵਿੱਚ ਦਰਸਾਏ ਗਏ ਵਿਭਾਗਾਂ ਨੂੰ ਛੱਡ ਕੇ)

ਮਾਰਜਨ :-

1. ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ।
2. ਰੋਜ਼ਗਾਰ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ।